ਨਿਊਜ਼ ਰਿਲੀਜ਼

# ਬੱਜਟ 2025: ਐਲਬਰਟਾ ਦੇ ਭਵਿੱਖ ਵਾਸਤੇ ਪੂੰਜੀ-ਨਿਵੇਸ਼

ਬੱਜਟ 2025 ਆਰਥਿਕਤਾ ਉਪਰ ਧਿਆਨ ਕੇਂਦਰਿਤ ਕਰਦਿਆਂ ਵਪਾਰ ਅਤੇ ਸੁਰੱਖਿਆ ਸਬੰਧੀ ਅਨਿਸ਼ਚਿੱਤਤਾ ਦੀਆਂ ਚੁਣੌਤੀਆਂ ਦਾ ਸਮਾਧਾਨ ਕਰਦਾ ਹੈ।

ਜਿਵੇਂ ਕਿ ਐਲਬਰਟਾ ਵਧ ਰਹੇ ਘਰੇਲੂ ਅਤੇ ਅੰਤਰਰਾਸ਼ਟਰੀ ਆਰਥਿਕ ਦਬਾਵਾਂ ਨਾਲ ਨਜਿੱਠਣ ਲਈ ਕੰਮ ਕਰਨਾਂ ਜਾਰੀ ਰੱਖ ਰਿਹਾ ਹੈ, ਬੱਜਟ 2025 ਐਲਬਰਟਾ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਲਈ ਕੰਮ ਕਰਦਾ ਹੈ, ਇਹ ਬੱਜਟ ਕਮਿਊਨਿਟੀਆਂ ਦੀ ਉਸਾਰੀ ਕਰਨ, ਐਲਬਰਟਾ ਦੇ ਦੱਖਣੀ ਬਾਰਡਰ ਨੂੰ ਸੁਰੱਖਿਅਤ ਕਰਨ ਅਤੇ ਸੂਬੇ ਦੇ ਆਰਿਥਕ ਭਵਿੱਖ ਨੂੰ ਬੜਾਵਾ ਦੇਣ 'ਚ ਮਦਦ ਕਰਦਾ ਹੈ।

“ਜਿਵੇਂ ਕਿ ਅਸੀਂ ਸੰਭਾਵਿਤ ਵਪਾਰਕ ਟਕਾਰਉ ਦੇ ਹੱਲ ਲੱਭਣ ਵਾਸਤੇ ਭਾਈਵਾਲਾਂ ਨਾਲ ਨੇੜਿਉਂ ਹੋ ਕੇ ਕੰਮ ਕਰ ਹਾਂ, ਅਸੀਂ ਇਹ ਯਕੀਨੀ ਬਣਾਉਣ ਲਈ ਕਿ ਐਲਬਰਟਾ ਦੀ ਆਰਥਿਕਤਾ ਮਜ਼ਬੂਤ ਰਹੇ - ਊਰਜਾ ਖੇਤਰ ਦੇ ਅੰਦਰ ਅਤੇ ਇਸ ਤੋਂ ਬਾਹਰ - ਆਪਣਾ ਕੰਮ ਜਾਰੀ ਰੱਖਾਂਗੇ ਤਾਂ ਕਿ ਅਸੀਂ ਉਨ੍ਹਾਂ ਝਟਕਿਆਂ ਦਾ ਪ੍ਰਬੰਧਨ ਕਰ ਸਕੀਏ ਜੋ ਸਾਡੇ ਰਸਤੇ 'ਚ ਆ ਸਕਦੇ ਹਨ। ਬੱਜਟ 2025 ਅਨਿਸ਼ਚਿਤਤਾ ਦੇ ਦਰਪੇਸ਼ ਸਾਡਾ ਅਗਾਂਹ ਦਾ ਰਸਤਾ ਉਲੀਕਦਾ ਹੈ।”
*Nate Horner, ਪ੍ਰੈਜ਼ੀਡੈਂਟ ਆਫ ਟ੍ਰਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

## ਬੱਜਟ 2025: ਇਕ ਮਜ਼ਬੂਤ ਵਰਕਫੋਰਸ ਦਾ ਸਮਰਥਨ ਕਰਨਾਂ

ਐਲਬਰਟਾ ਦੀ ਵਰਕਫੋਰਸ ਸੂਬਾਈ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਬੱਜਟ 2025 ਐਲਬਰਟਾ ਦੀ ਆਰਥਿਕਤਾ ਨੂੰ ਹੋਰ ਵਧਾਉਣ ਅਤੇ ਬਿਜਨਸਾਂ ਨੂੰ ਸਫਲ ਹੋਣ 'ਚ ਮਦਦ ਕਰਨ ਲਈ ਇਕ ਮਾਹਰ ਅਤੇ ਲਚਕੀਲੀ ਕਿਸਮ ਦੀ ਲੇਬਰ ਫੋਰਸ ਵਿਕਸਤ ਕਰਨ ਅਤੇ ਉਸਨੂੰ ਟਰੇਨਿੰਗ ਦੇਣ ਦੀ ਪ੍ਰਤਿਬਧਤਾ ਨੂੰ ਜਾਰੀ ਰੱਖਦਾ ਹੈ, ਸਮੇਤ:

- ਕੈਪੀਟਲ ਪਲੈਨ 'ਚੋਂ ਤਿੰਨ ਸਾਲਾਂ ਦੌਰਾਨ ਹਰੇਕ ਸਾਲ ਤਕਰੀਬਨ 26,500 ਸਿੱਧੀਆਂ ਅਤੇ 12,000 ਅਸਿੱਧੀਆਂ ਨੌਕਰੀਆਂ ਦੀ ਸਹਾਇਤਾ ਵਾਸਤੇ 2027-28 'ਚ 26.1 ਮਿਲੀਅਨ ਤੋਂ ਵੱਧ ਡਾਲਰ।
- ਸਕਿੱਲਡ ਟਰੇਡ ਪ੍ਰੋਗਰਾਮ, ਜਿਵੇਂ ਐਪਰੈਂਟਰਸ਼ਿੱਪ ਅਤੇ ਬਾਲਗ ਸਿੱਖਿਆ ਪਹਿਲਕਦਮੀਆਂ ਵਾਸਤੇ 135 ਮਿਲੀਅਨ ਡਾਲਰ, ਜੋ ਐਲਬਰਟਾ ਵਾਸੀਆਂ ਨੂੰ ਸਫਲ ਕਰੀਅਰਾਂ ਅਤੇ ਨੌਕਰੀਆਂ ਦੇ ਮੌਕਿਆਂ 'ਚ ਸਹਾਇਤਾ ਕਰਨ ਲਈ ਮੁਹਾਰਤ ਅਤੇ ਟਰੇਨਿੰਗ ਪ੍ਰਾਪਤ ਕਰਨ 'ਚ ਮਦਦ ਕਰਨਗੇ।
- 2025-26 'ਚ ਅਰਲੀ ਲਰਨਿੰਗ ਅਤੇ ਚਾਇਲਡ ਕੇਅਰ ਸਿਸਟਮ ਦੇ ਵਾਧੇ 'ਚ ਸਹਾਇਤਾ ਦੇਣ ਵਾਸਤੇ 2 ਬਿਲੀਅਨ ਡਾਲਰ, ਤਾਂ ਕਿ ਮਾਪੇ ਅਤੇ ਕੇਅਰਗਿਵਰ ਟਰੇਨਿੰਗ, ਸਿੱਖਿਆ ਅਤੇ ਕੰਮ ਦੇ ਮੌਕਿਆਂ 'ਚ ਸ਼ਮੂਲੀਅਤ ਕਰ ਸਕਣ।

## ਬੱਜਟ 2025: ਆਪਣੇ ਬਾਰਡਰਾਂ ਨੂੰ ਸੁਰੱਖਿਅਤ ਕਰਨਾਂ

- ਐਲਬਰਟਾ ਸਰਕਾਰ ਇਕ ਚੰਗੇ ਗੁਆਂਢੀ ਅਤੇ ਵਪਾਰ ਭਾਈਵਾਲ ਬਣਨ ਵਾਸਤੇ ਵਚਨਬਧ ਹੈ, ਅਤੇ ਇਸ ਵਚਨਬਧਤਾ ਦਾ ਇਕ ਭਾਗ ਐਲਬਰਟਾ-ਯੂ ਐੱਸ ਬਾਰਡਰ ਨੂੰ ਸੁਰੱਖਿਅਤ ਕਰਨ ਲਈ ਕਦਮ ਚੁੱਕਣਾ ਹੈ। ਬੱਜਟ 2025 'ਚ ਐਲਬਰਟਾ ਸ਼ੈਰਿਫਸ ਦੇ ਅੰਤਰਗਤ 2025-26 'ਚ ਨਵੀਂ ਇੰਟਰਡਿਕਸ਼ਨ ਪੈਟਰੋਲ ਟੀਮ

ਲਈ 29 ਮਿਲੀਅਨ ਡਾਲਰ ਸ਼ਾਮਲ ਹਨ, ਜਿਹੜੀ ਟੀਮ ਗੈਰਕਾਨੂੰਨੀ ਡਰੱਗ ਅਤੇ ਗੰਨ ਸਮੱਗਲਿੰਗ, ਮਨੁੱਖੀ ਤਸਕਰੀ, ਗੈਰਕਾਨੂੰਨੀ ਢੰਗ ਨਾਲ ਬਾਰਡਰ ਪਾਰ ਕਰਨ ਦੇ ਯਤਨ ਕਰਨ ਵਾਲੇ ਲੋਕਾਂ ਨੂੰ ਪਕੜਨਾਂ ਅਤੇ ਐਲਬਰਟਾ ਦੇ ਅੰਤਰਰਾਸ਼ਟਰੀ ਭੂਮੀ ਬਾਰਡਰ 'ਤੇ ਹੁੰਦੀਆਂ ਹੋਰ ਗੈਰਕਾਨੂੰਨੀ ਗਤੀਵਿਧੀਆਂ ਨੂੰ ਰੋਕੇਗੀ। ਬੱਜਟ 2025 'ਚ ਯੂ ਐੱਸ ਏ ਨਾਲ ਲੱਗਦੇ ਬਾਰਡਰਾਂ 'ਤੇ ਸਥਿਤ ਤਿੰਨ ਨਵੇਂ ਵਹੀਕਲ ਇੰਸਪੈਕਸ਼ਨ ਸਟੇਸ਼ਨਾਂ ਲਈ ਦੋ ਸਾਲਾਂ ਦੌਰਾਨ 15 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼  ਕਰਨਾਂ ਵੀ ਸ਼ਾਮਲ ਹੈ।

## ਬੱਜਟ 2025: ਪੋਸਟ ਸੈਕੰਡਰੀ ਸਿੱਖਿਆ 'ਚ ਪੂੰਜੀ-ਨਿਵੇਸ਼ ਕਰਨਾਂ

ਬੱਜਟ 2025 ਪੋਸਟ ਸੈਕਡੰਰੀ ਸਿੱਖਿਆ 'ਚ ਕੁੱਲ 7.4 ਬਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰਦਾ ਹੈ ਜਿਸ 'ਚ, 2025-26 'ਚ 6.6 ਬਿਲੀਅਨ ਡਾਲਰ ਦਾ ਇਕ ਆਪਰੇਟਿੰਗ ਬੱਜਟ ਸ਼ਾਮਲ ਹੈ। ਇਸ 'ਚ ਸ਼ਾਮਲ ਹਨ:

- ਸੂਬੇ ਭਰ 'ਚ ਐਪਰਟੈਂਸਸ਼ਿਪ ਕਲਾਸਾਂ 'ਚ ਵਧੇਰੇ ਸੀਟਾਂ ਪੈਦਾ ਕਰਨ ਲਈ ਆਉਂਦੇ ਤਿੰਨ ਸਾਲਾਂ ਦੌਰਾਨ 78 ਮਿਲੀਅਨ ਡਾਲਰ ਪ੍ਰਤੀ ਸਾਲ ਦਾ ਨਿਵੇਸ਼, ਜੋ ਸਕਿੱਲਡ ਟਰੇਡ ਅਤੇ ਐਪਰੈਂਟਸ ਐਜੂਕੇਸ਼ਨ ਪੈਦਾ ਕਰੇਗਾ ਜਿਹੜਾ ਇੰਡਸਟਰੀ ਦੀਆਂ ਲੋੜਾਂ ਨੂੰ ਪੂਰੀਆਂ ਕਰਨ, ਆਰਥਿਕਤਾ ਨੂੰ ਸਹਾਇਤਾ ਦੇਣ ਅਤੇ ਐਲਬਰਟਾ ਵਾਸੀਆਂ ਨੂੰ ਨੌਕਰੀਆਂ ਨਾਲ ਜੋੜਨ ਦਾ ਕੰਮ ਕਰੇਗਾ।
- ਐਲਬਰਟਾ ਹੈਰੀਟੇਜ਼ ਸਕਾਲਰਸ਼ਿੱਪ ਫੰਡ ਵੱਲੋਂ 60 ਮਿਲੀਅਨ ਡਾਲਰ ਸਹਿਤ, ਸਕਾਲਰਸ਼ਿੱਪਾਂ ਅਤੇ ਐਲਬਰਟਾ ਸਟੂਡੈਂਟ ਗਰਾਂਟ ਦੀ ਵੱਧ ਰਹੀ ਮੰਗ 'ਚ ਸਹਾਇਤਾ ਦੇਣ ਲਈ 113 ਮਿਲੀਅਨ ਡਾਲਰ।
- ਫਸਟ ਨੇਸ਼ਨ ਕਾਲਜਜ਼ ਗਰਾਂਟ ਨੂੰ 4 ਮਿਲੀਅਨ ਡਾਲਰ, ਜਿਹੜੀ ਪੇਂਡੂ ਅਤੇ ਦੂਰ-ਦੁਰਾਡੀਆਂ ਇੰਡਿਜਨਸ ਕਮਿਊਨਿਟੀਆਂ ਵਿਚਲੇ ਪੰਜ ਕਾਲਜਾਂ ਦਰਮਿਆਨ ਬਰਾਬਰ ਵੰਡੀ ਜਾਂਦੀ ਹੈ।

"ਸਾਡੀ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਐਲਬਰਟਾ ਦੇ ਵਿਦਿਆਰਥੀਆਂ ਕੋਲ ਉਹ ਸਕਿੱਲ ਅਤੇ ਟਰੇਨਿੰਗਾਂ ਹੋਣ ਜਿਨ੍ਹਾਂ ਦੀ ਉਨ੍ਹਾਂ ਨੂੰ ਅੱਜ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਜ਼ਰੂਰਤ ਹੈ, ਜਦ ਕਿ ਉਹ ਭਵਿੱਖ ਦੀ ਆਰਥਿਕਤਾ ਲਈ ਤਿਆਰ ਹੁੰਦੇ ਹਨ। ਬੱਜਟ 2025 ਤੇਜ਼ੀ ਨਾਲ ਵਧ ਰਹੀ ਅਬਾਦੀ ਦੀ ਚੁਣੌਤੀ ਨਾਲ ਨਿਪਟਣ ਲਈ ਆਧਾਰਮੂਲਕ ਪੂੰਜੀ-ਨਿਵੇਸ਼ ਕਰਦਾ ਹੈ, ਜਦ ਇਹ ਇਕ ਚਿਰਸਥਾਈ ਪੋਸਟ ਸੈਕੰਡਰੀ ਐਜੂਕੇਸ਼ਨ ਸਿਸਟਮ ਦਾ ਸਮਰਥਨ ਕਰਦਾ ਹੈ।
*Rajan Sawhney, ਮਿਨਿਸਟਰ ਆਫ ਐਡਵਾਂਸਡ ਐਜੂਕੇਸ਼ਨ*

## ਬੱਜਟ 2025: ਕਮਿਊਨਿਟੀਆਂ ਉਸਾਰਨਾਂ

ਐਲਬਰਟਾ ਦੀਆਂ ਜੀਵੰਤ ਕਮਿਊਨਿਟੀਆਂ ਐਲਬਰਟਾ ਨੂੰ ਕੈਨੇਡਾ ਵਿਚ ਰਹਿਣ, ਕੰਮ ਕਰਨ ਅਤੇ ਪਰਿਵਾਰ ਪਾਲਣ ਲਈ ਸਭ ਤੋਂ ਵਧੀਆ ਸਥਾਨ ਬਣਾਉਂਦੀਆਂ ਹਨ। ਬੱਜਟ 2025 ਐਲਬਰਟਾ ਭਰ 'ਚ ਮਜ਼ਬੂਤ ਕਮਿਊਨਿਟੀਆਂ ਬਣਾਉਣ 'ਚ ਪੂੰਜੀ-ਨਿਵੇਸ਼ ਕਰਦਾ ਹੈ, ਜਿਸ 'ਚ ਸ਼ਾਮਲ ਹੈ:

- ਸਰਕਾਰੀ ਮਲਕੀਅਤ ਵਾਲੀ ਪ੍ਰਾਪਰਟੀ 'ਤੇ ਪ੍ਰਾਪਰਟੀ ਟੈਕਸਾਂ ਦੀ ਸੂਰਤ ਵਿਚ ਮਿਊਂਸਪੈਲਿਟੀਆਂ ਨੂੰ ਦਿੱਤੀ ਜਾਣ ਵਾਲੀ ਗਰਾਂਟ ਨੂੰ ਮੌਜੂਦਾ 50 ਪ੍ਰਤੀਸ਼ਤ ਤੋਂ 75 ਪ੍ਰਤੀਸ਼ਤ ਤੱਕ ਵਧਾਉਣ ਲਈ 17.2 ਮਿਲੀਅਨ ਡਾਲਰ ਦਾ ਨਿਵੇਸ਼। ਅਗਲੇ ਸਾਲ ਤੱਕ ਸੂਬਾ ਸਰਕਾਰ ਰਕਮ ਦੇ 100 ਪ੍ਰਤੀਸ਼ਤ ਦੀ ਭਰਪਾਈ ਕਰੇਗੀ, ਜਿਹੜੀ ਪ੍ਰਾਪਰਟੀ ਜੇਕਰ ਪ੍ਰਾਪਰਟੀ ਟੈਕਸ ਯੋਗ ਹੋਵੇ ਤਾਂ ਉਸ ਵਾਸਤੇ ਦਿੱਤੀ ਜਾਵੇਗੀ।
- ਸਥਾਨਕ ਇੰਫ੍ਰਾਸਟ੍ਰੱਕਚਰ ਤਰਜੀਹਾਂ ਲਈ ਫੰਡਾਂ 'ਚ ਮਦਦ ਵਾਸਤੇ ਲੋਕਲ ਗਵਰਨਮੈਂਟ ਫਿਕਸਲ ਫਰੇਮਵਰਕ ਕੈਪੀਟਲ ਫੰਡਿੰਗ ਨੂੰ 820 ਮਿਲੀਅਨ ਡਾਲਰ ਇਸ ਸਾਲ ਅਤੇ 2.5 ਬਿਲੀਅਨ ਡਾਲਰ ਅਗਲੇ ਤਿੰਨ ਸਾਲਾਂ ਦੌਰਾਨ।

## ਬੱਜਟ 2025: ਵਪਾਰ ਅਤੇ ਵਿਵਿਧੀਕਰਨ ਦਾ ਸਮਰਥਨ ਕਰਨਾਂ

ਐਲਬਰਟਾ ਉਸ ਆਰਥਿਕ ਵਾਧੇ ਅਤੇ ਉਨ੍ਹਾਂ ਪਾਲਿਸੀਆਂ ਦਾ ਹਮਾਇਤੀ ਹੋਣਾ ਜਾਰੀ ਰੱਖਦਾ ਹੈ ਜਿਹੜੇ ਉਤਪਾਦਕਤਾ ਦਾ ਸਮਰਥਨ ਕਰਦੇ ਹਨ। ਬੱਜਟ 2025 ਦੁਆਰਾ ਐਲਬਰਟਾ ਸਰਕਾਰ ਹੇਠ ਲਿਖਿਆਂ ਰਾਹੀਂ ਆਪਣੀਆਂ ਮੌਜੂਦਾ ਸਫਲਤਾਵਾਂ ਨੂੰ ਅਧਾਰ ਬਣਾਉਣਾ ਜਾਰੀ ਰੱਖੇਗੀ:

- ਘੱਟ ਕਾਰਪੋਰੇਟ ਇਨਕਮ ਟੈਕਸਾਂ ਦੁਆਰਾ ਵਧੇਰੇ ਪੂੰਜੀ-ਨਿਵੇਸ਼ਾਂ ਨੂੰ ਖਿੱਚਣਾ। ਅੱਠ ਪ੍ਰਤਿਸ਼ਤ ਦਰ 'ਤੇ, ਐਲਬਰਟਾ ਦਾ ਕਾਰਪੋਰੇਟ ਇਨਕਮ ਟੈਕਸ ਰੇਟ ਅਗਲੇ ਸਭ ਤੋਂ ਘੱਟ ਟੈਕਸ ਵਾਲੇ ਸੂਬੇ ਨਾਲੋਂ 30 ਪ੍ਰਤੀਸ਼ਤ ਘੱਟ ਹੈ।
- ਛੋਟੀਆਂ ਅਤੇ ਦਰਮਿਆਨੇ ਸਾਈਜ਼ ਦੀਆਂ ਉਨ੍ਹਾਂ ਫਰਮਾਂ ਲਈ ਵਧੇਰੇ ਪ੍ਰੋਤਸਾਹਨ ਪ੍ਰਦਾਨ ਕਰਨਾਂ ਜਿਹੜੀਆਂ ਐਲਬਰਟਾ ਇੰਨੋਵੇਸ਼ਨ ਇੰਪਲਾਇਮੈਂਟ ਗਰਾਂਟ ਨਾਲ ਰਿਸਰਚ ਅਤੇ ਡਿਵੈਲਪਮੈਂਟ ਉਪਰ ਆਪਣੀ ਲਾਗਤ ਨੂੰ ਵਧਾਉਂਦੀਆਂ ਹਨ।
- ਨਿਵੇਸ਼ਕਾਰਾਂ ਨੂੰ ਨਾਰਥ ਅਮੈਰਕਿਨ ਅਤੇ ਗਲੋਬਲ ਐਨਰਜੀ ਸੁਰੱਖਿਆ 'ਚ ਐਲਬਰਟਾ ਨੂੰ ਸਹਾਇਤਾ ਦੇਣ ਦੇ ਇਕ ਭਰੋਸੇਯੋਗ ਭਾਈਵਾਲ ਵਜੋਂ ਪ੍ਰਮੋਟ ਕਰਨਾਂ। ਸੂਬਾ ਸਰਕਾਰ ਐਲਬਰਟਾ ਦੇ ਊਰਜਾ ਅਤੇ ਖਣਿਜ ਸਰੋਤਾਂ ਲਈ ਨਵੀਂਆਂ ਮਾਰਕੀਟਾਂ 'ਚ ਪਹੁੰਚ ਬਣਾਉਣ ਵਾਸਤੇ ਨਵੀਂ ਅਤੇ ਮੌਜੂਦਾ ਇੰਫ੍ਰਾਸਟ੍ਰਕੱਚਰ ਨੂੰ ਹੋਰ ਵਧਾਏਗੀ।
- ਐਲਬਰਟਾ ਦੇ ਖੇਤੀਬਾੜੀ ਉਤਪਾਦਕਾਂ ਅਤੇ ਵੈਲਿਊ-ਐਡਿਡ ਪ੍ਰੋਸੈਸਰਾਂ ਲਈ ਨਿਰਯਾਤ ਮਾਰਕੀਟਾਂ ਖੋਜਣ ਦੁਆਰਾ ਅਤੇ ਐਲਬਰਟਾ ਦੇ ਉਤਪਾਦਨਾਂ ਲਈ ਮਾਰਕੀਟ ਪਹੁੰਚ ਨੂੰ ਵਧਾਉਣ ਦੁਆਰਾ ਵਪਾਰ ਵਿਚਲੀਆਂ ਰੁਕਾਵਟਾਂ ਨਾਲ ਨਿਪਟਣਾ।
- ਕੈਨੇਡਾ ਭਰ 'ਚ, ਯੂ ਐੱਸ, ਜਰਮਨੀ, ਜਪਾਨ ਅਤੇ ਬਾਕੀ ਦੀ ਦੁਨੀਆਂ 'ਚ ਸਾਡੇ ਵਿਲੱਖਣ ਪ੍ਰਕਾਰ ਦੇ ਊਰਜਾ ਸੈਕਟਰ ਦੀ ਵਕਾਲਤ ਕਰਨਾਂ ਜਾਰੀ ਰੱਖਣ ਦੁਆਰਾ ਐਲਬਰਟਾ ਨੂੰ ਨਾਰਥ ਅਮੈਰਿਕਾ ਐਨਰਜੀ ਸਕਿਉਰਿਟੀ ਦੇ ਮਹੱਤਵਪੂਰਨ ਯੋਗਦਾਨ ਦੇਣ ਵਾਲੇ ਵਜੋਂ ਪੁਨਰ-ਦ੍ਰਿੜ ਕਰਨਾਂ।

## ਬੱਜਟ 2025: ਬਿਜਨਸ ਅਤੇ ਉਦਯੋਗ 'ਚ ਪੂੰਜੀ-ਨਿਵੇਸ਼ ਕਰਨਾਂ

ਬੱਜਟ 2025 ਬਿਜਨਸ ਅਤੇ ਇੰਡਸਟਰੀ ਵਿਚ ਪੂੰਜੀ-ਨਿਵੇਸ਼ ਦੁਆਰਾ ਐਲਬਰਟਾ ਦੀ ਆਰਥਿਕਤਾ ਨੂੰ ਪ੍ਰਫੁੱਲਤ ਹੋਣ 'ਚ ਸਹਾਈ ਹੋਣ ਵਾਲੇ ਢੰਗ ਤਰੀਕੇ ਲੱਭਣਾ ਜਾਰੀ ਰੱਖਦਾ ਹੈ ਅਤੇ ਸਾਡੀ ਆਰਥਿਕਤਾ ਨੂੰ ਹੇਠ ਲਿਖਿਆਂ ਸਮੇਤ ਵਧਣ ਫੁੱਲਣ 'ਚ ਸਹਾਇਤਾ ਕਰਦਾ ਹੈ:

- ਉੱਭਰ ਰਹੇ ਸਰੋਤਾਂ 'ਚ ਮੌਕੇ ਲੱਭਣ ਨੂੰ ਤੇਜ਼ ਕਰਨ ਲਈ ਐਲਬਰਟਾ ਦੇ ਊਰਜਾ ਅਤੇ ਖਣਿਜ ਸਰੋਤਾਂ ਦੇ ਸੈਕਟਰ 'ਚ ਪੂੰਜੀ-ਨਿਵੇਸ਼ ਖਿੱਚਣ ਦਾ ਸਮਰਥਨ ਕਰਨਾਂ।
- ਐਲਬਰਟਾ ਦੀ ਇਕਾਨਮੀ 'ਚ ਪੂੰਜੀ-ਨਿਵੇਸ਼ ਖਿੱਚਣ ਲਈ ਇਨਵੈਸਟਮੈਂਟ ਐਂਡ ਗਰੋਥ ਫੰਡ ਵਾਸਤੇ ਤਿੰਨ ਸਾਲਾਂ ਦੌਰਾਨ 45 ਮਿਲੀਅਨ ਡਾਲਰ।
- ਇੰਡਸਟਰੀ ਦੀ ਅਗਵਾਈ ਵਾਲੀ ਫਸਲੀ ਖੋਜ ਵਾਸਤੇ ਵੈਸਟਰਨ ਕਰੌਪ ਇਨੋਵੇਸ਼ਨਜ਼ 'ਚ 1.8 ਮਿਲੀਅਨ ਡਾਲਰ।
- ਛੋਟੇ ਅਤੇ ਦਰਮਿਆਨੇ ਸਾਈਜ਼ ਦੇ ਮੀਟ ਪ੍ਰੋਸੈਸਰਾਂ ਦੀ ਸਹਾਇਤਾ ਲਈ 780,000 ਡਾਲਰ।
- ਫੁਲ ਸਰਵਿਸ ਵੈਟਰਨਰੀ ਡਾਇਗਨਾਸਟਕ ਲੈਬਾਟਰੀ ਵਜੋਂ ਵਿਸਥਾਰ ਕਰਨ ਲਈ ਯੂਨੀਵਰਸਿਟੀ ਆਫ ਕੈਲਗਰੀ ਦੀ ਫੈਕਲਟੀ ਆਫ ਵੈਟਰਨਰੀ ਮੈਡੀਸਿਨ ਵਾਸਤੇ 3.1 ਮਿਲੀਅਨ ਡਾਲਰ। ਇਸ ਨਾਲ ਮਾਲ-ਡੰਗਰ ਪਾਲਣ ਵਾਲਿਆਂ ਅਤੇ ਵੈਟ ਡਾਕਟਰਾਂ ਨੂੰ ਆਪਣੇ ਘਰ ਦੇ ਨੇੜੇ ਤੇਜ਼, ਵਧੇਰੇ ਪੁੱਜਤਯੋਗ ਲਾਈਵਸਟਾਕ ਡਾਇਗਨਾਸਟਿਕਸ ਤੱਕ ਪਹੁੰਚ ਹਾਸਲ ਹੋਵੇਗੀ।

“ਬੱਜਟ 2025 ਵਰਕਰਾਂ ਅਤੇ ਪਰਿਵਾਰਾਂ ਵਾਸਤੇ ਉਦਯੋਗ ਵਧਾਉਣ, ਉੱਚ ਦਰਜੇ ਦੀਆਂ ਨੌਕਰੀਆਂ ਪੈਦਾ ਕਰਨ ਅਤੇ ਮੌਕਿਆਂ 'ਚ ਵਿਸਤਾਰ ਲਿਆਉਣ ਦੁਆਰਾ ਵਧੇਰੇ ਮਜ਼ਬੂਤ ਐਲਬਰਟਾ ਦੀ ਉਸਾਰੀ ਕਰਦਾ ਹੈ। ਨਵੀਨੀਕਰਨ,

ਇੰਫ੍ਰਾਸਟ੍ਰਕੱਚਰ ਅਤੇ ਵਰਕ ਫੋਰਸ ਡਿਵੈਲਪਮੈਂਟ 'ਚ ਰਣਨੀਤਕ ਪੂੰਜੀ-ਨਿਵੇਸ਼ਾਂ ਨਾਲ, ਐਲਬਰਟਾ ਚੁਣੌਤੀਆਂ ਨੂੰ ਕਬੂਲ ਕਰਦਾ ਹੈ, ਇੰਜ ਸਾਡੇ ਸੂਬੇ ਨੂੰ ਆਉਣ ਵਾਲੇ ਕਈ ਸਾਲਾਂ ਲਈ ਮਜ਼ਬੂਤ ਬਣਾਉਂਦਾ ਹੈ।"
*Matt Jones, ਮਿਨਿਸਟਰ ਆਫ ਜੌਬਜ਼, ਇਕਾਨਮੀ ਐਂਡ ਟਰੇਡ*

"ਅਸੀਂ ਖੇਤੀਬਾੜੀ 'ਚ ਅਤਿ-ਆਧੁਨਿਕ ਖੋਜ ਨੂੰ ਅਗਾਂਹ ਵਧਾ ਰਹੇ ਹਾਂ ਅਤੇ ਛੋਟੇ 'ਤੇ ਦਰਮਿਆਨੇ ਸਾਈਜ਼ ਦੇ ਬਿਜਨਸਾਂ ਦੀ ਸਹਾਇਤਾ ਕਰ ਰਹੇ ਹਾਂ। ਇਸ ਤੋਂ ਇਲਾਵਾ ਅਸੀਂ ਆਪਣੀ ਖੇਤੀਬਾੜੀ ਇੰਨਫ੍ਰਾਸਟ੍ਰੱਕਚਰ ਨੂੰ ਮਜ਼ਬੂਤ ਬਣਾਉਂਦਿਆਂ, ਮਾਲ-ਡੰਗਰ ਪਾਲਕਾਂ ਅਤੇ ਵੈਟਰਨਰੀ ਡਾਕਟਰਾਂ ਵਾਸਤੇ ਤੇਜ਼ ਅਤੇ ਵਧੇਰੇ ਪੁੱਜਤਯੋਗ ਸੇਵਾਵਾਂ ਨੂੰ ਯਕੀਨੀ ਬਣਾਉਂਦੇ ਹਾਂ। ਅਸੀਂ ਨਵੀਨੀਕਰਨ ਨੂੰ ਸਹਾਇਤਾ ਦੇ ਰਹੇ ਹਾਂ, ਪੂੰਜੀ-ਨਿਵੇਸ਼ ਨੂੰ ਖਿੱਚ ਰਹੇ ਹਾਂ ਅਤੇ ਭਵਿੱਖ ਵਾਸਤੇ ਇਕ ਤਕੜੀ ਕਿਸਮ ਦੀ ਆਰਥਿਕਤਾ ਨੂੰ ਉਸਾਰ ਰਹੇ ਹਾਂ।"
*RJ Sigurdson, ਮਿਨਿਸਟਰ ਆਫ ਐਗਰੀਕਲਚਰ ਐਂਡ ਇਰੀਗੇਸ਼ਨ*

*ਬੱਜਟ 2025 ਸਿੱਖਿਆ ਅਤੇ ਸਿਹਤ ਖੇਤਰ 'ਚ ਲਗਾਤਾਰ ਪੂੰਜੀ-ਨਿਵੇਸ਼ ਕਰਨ, ਪਰਿਵਾਰਾਂ ਲਈ ਘੱਟ ਟੈਕਸਾਂ ਅਤੇ ਆਰਥਿਕਤਾ 'ਤੇ ਫੋਕਸ ਕਰਨ ਦੁਆਰਾ ਐਲਬਰਟਾ ਨੂੰ ਦਰਪੇਸ਼ ਚੁਣੌਤੀਆਂ ਦੇ ਸਮਾਧਾਨ ਕਰਦਾ ਹੈ।*

## ਸਬੰਧਤ ਜਾਣਕਾਰੀ

- Budget 2025

## ਸਬੰਧਤ ਖਬਰਾਂ

- Budget 2025: Meeting the challenge (27 ਫਰਵਰੀ 2025)
- Budget 2025: Meeting the challenge in health and education (27 ਫਰਵਰੀ 2025)

## ਮਲਟੀਮੀਡੀਆ

- Watch the Budget address
- Watch the news conference
- Listen to the news conference